Independent Age

# ਪੈਨਸ਼ਨ ਕ੍ਰੈਡਿਟ

## ਆਪਣੀ ਆਮਦਨ ਵਧਾਉਣ ਲਈ ਸਰਕਾਰ ਤੋਂ ਵਾਧੂ ਪੈਸਾ।

ਜੇ ਤੁਸੀਂ ਰਾਜ ਪੈਨਸ਼ਨ ਦੀ ਉਮਰ ਤੋਂ ਵੱਧ ਹੋ ਅਤੇ ਘੱਟ ਆਮਦਨ 'ਤੇ ਹੋ ਤਾਂ ਤੁਸੀਂ ਪੈਨਸ਼ਨ ਕ੍ਰੈਡਿਟ ਦੇ ਹੱਕਦਾਰ ਹੋ ਸਕਦੇ ਹੋ। ਤੁਹਾਨੂੰ ਕੁਝ ਵਾਧੂ ਪੈਸੇ ਮਿਲ ਸਕਦੇ ਹਨ, ਅਤੇ:

- ਦੰਦਾਂ ਦਾ ਮੁਫਤ ਇਲਾਜ
- ਐਨਕਾਂ ਜਾਂ ਕੋਨਟੈਕਟ ਲੈਂਸਾਂ ਲਈ ਵਾਊਚਰ
- ਤੁਹਾਡੇ ਕਿਰਾਏ ਜਾਂ ਕੌਂਸਲ ਟੈਕਸ ਦਾ ਭੁਗਤਾਨ ਕਰਨ ਵਿੱਚ ਮਦਦ
- ਜਦੋਂ ਮੌਸਮ ਬਹੁਤ ਠੰਡਾ ਹੁੰਦਾ ਹੈ ਤਾਂ ਵਾਧੂ ਪੈਸੇ।

ਜੇਕਰ ਤੁਹਾਡੀ ਉਮਰ 75 ਸਾਲ ਤੋਂ ਵੱਧ ਹੈ ਅਤੇ ਤੁਸੀਂ ਪੈਨਸ਼ਨ ਕ੍ਰੈਡਿਟ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਇੱਕ ਮੁਫਤ TV ਲਾਇਸੈਂਸ ਲਈ ਯੋਗ ਹੋਵੋਗੇ।

## ਦਾਅਵਾ ਕਿਵੇਂ ਕਰਨਾ ਹੈ

ਦਾਅਵਾ ਕਰਨਾ ਸੌਖਾ ਹੈ। ਤੁਸੀਂ ਆਨਲਾਈਨ, ਡਾਕ ਰਾਹੀਂ ਜਾਂ ਫੋਨ ਰਾਹੀਂ ਅਰਜ਼ੀ ਕਰ ਸਕਦੇ ਹੋ।

**gov.uk/pension-credit/how-to-claim** 'ਤੇ ਜਾਓ ਜਾਂ ਪੈਨਸ਼ਨ ਕ੍ਰੈਡਿਟ ਦਾਅਵਾ ਲਾਈਨ ਨੂੰ **0800 99 1234**'ਤੇ ਕਾਲ ਕਰੋ। ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਕੋਈ ਹੋਰ ਤੁਹਾਡੇ ਲਈ ਕਾਲ ਕਰ ਸਕਦਾ ਹੈ।

### ਇਸ ਤੋਂ ਪਹਿਲਾਂ ਕਿ ਤੁਸੀਂ ਦਾਅਵਾ ਕਰੋ

ਇਹ ਯਕੀਨੀ ਬਣਾਓ ਕਿ ਤੁਸੀਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖੋ:

- ਤੁਹਾਡੀ ਆਮਦਨ, ਬੱਚਤ ਅਤੇ ਨਿਵੇਸ਼
- ਤੁਹਾਡਾ ਰਾਸ਼ਟਰੀ ਬੀਮਾ ਨੰਬਰ
- ਤੁਹਾਡੇ ਬੈਂਕ ਵੇਰਵੇ
- ਤੁਹਾਡੀਆਂ ਰਿਹਾਇਸ਼ੀ ਲਾਗਤਾਂ, ਜਿਵੇਂ ਕਿ ਤੁਹਾਡਾ ਮੌਰਗੇਜ ਵਿਆਜ, ਸੇਵਾ ਖਰਚੇ ਜਾਂ ਜ਼ਮੀਨੀ ਕਿਰਾਇਆ
- ਜੇਕਰ ਤੁਹਾਡਾ ਕੋਈ ਸਾਥੀ ਹੈ, ਤਾਂ ਉਸ ਲਈ ਵੀ ਉਹੀ ਵੇਰਵੇ।

ਜੇਕਰ ਤੁਹਾਡੇ ਕੋਲ ਪੈਨਸ਼ਨ ਕ੍ਰੈਡਿਟ ਬਾਰੇ ਕੋਈ ਸਵਾਲ ਹਨ ਜਾਂ ਤੁਸੀਂ ਮੁਫਤ ਲਾਭਾਂ ਦੀ ਜਾਂਚ ਦਾ ਪ੍ਰਬੰਧ ਕਰਨਾ ਚਾਹੁੰਦੇ ਹੋ ਤਾਂ **0800 319 6789** 'ਤੇ ਇੰਡੀਪੈਂਡੈਂਟ ਏਜ ਨੂੰ ਕਾਲ ਕਰੋ। ਸਾਡੇ ਸਲਾਹਕਾਰ ਪੈਨਸ਼ਨ ਕ੍ਰੈਡਿਟ ਦਾਅਵਾ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

ਅਸੀਂ ਤੁਹਾਡੇ ਨਾਲ ਪੰਜਾਬੀ ਵਿੱਚ ਗੱਲ ਕਰਨ ਲਈ ਅਨੁਵਾਦਕਾਂ ਦੀ ਵਰਤੋਂ ਕਰ ਸਕਦੇ ਹਾਂ।